ਵਿਦਿਆਰਥੀ ਇਸ ਕਹਾਣੀ ਨੂੰ ਘੱਟੋ-ਘੱਟ 4-5 ਵਾਰੀ ਪੜ੍ਹਨਗੇ, ਇਸਦੇ ਵਿਸ਼ੇ ਨੂੰ ਸਮਝਣ ਦੀ ਕੋਸ਼ਿਸ਼ ਕਰਨਗੇ। ਉਮੀਦ ਹੈ, ਕਹਾਣੀ ਦੇ ਸਾਰ ਨਾਲ ਤੁਹਾਨੂੰ ਵਿਸ਼ੇ ਦੀ ਸਮਝ ਆਏਗੀ। ਕਹਾਣੀ ਨੂੰ ਧਿਆਨ ਨਾਲ ਪੜ੍ਹੋ ਤਾਂ ਅਜੋਕੇ ਸਮਾਜ ਤੇ ਵਿਅੰਗ ਕੱਸਿਆ ਹੈ।

ਕਹਾਣੀ - ਸ਼ਹੀਦ
ਕਹਾਣੀਕਾਰ - ਕੇ. ਐੱਲ. ਗਰਗ
ਪੰਨਾ ਨੰਬਰ - 70, 71, 72

## ਕਹਾਣੀ ਦਾ ਸਾਰ

ਕਹਾਣੀਕਾਰ ਦਾ ਪੁੱਤਰ ਆਪਣੇ ਪਿਤਾ ਨੂੰ ਅਜਿਹੇ ਵਿਅੰਗਮਈ ਪ੍ਰਸ਼ਨਾਂ ਵਿੱਚ ਉਲਝਾਉਂਦਾ ਹੈ ਕਿ ਉਹ ਚਿੰਤਾ ਵਿੱਚ ਪੈ ਜਾਂਦਾ। ਉਸਦੇ ਸਵਾਲ ਅਜਿਹੇ ਹਨ ਕਿ ਜਿਨ੍ਹਾਂ ਦਾ ਸਹੀ ਅਤੇ ਦਲੀਲ ਭਰਭੂਰ ਉੱਤਰ ਲੇਖਕ ਕੋਲ ਵੀ ਨਹੀਂ ਹੈ। ਕਹਾਣੀ ਵਿੱਚ ਵੱਖ-ਵੱਖ ਘਟਨਾਵਾਂ ਨੂੰ ਦਰਸਾ ਕੇ ਵਿਅੰਗ ਕੀਤਾ ਗਿਆ ਹੈ।
ਹੁਣ ਕਹਾਣੀਕਾਰ ਅਗਲੀ ਘਟਨਾ ਦਾ ਵਿਸ਼ਲੇਸ਼ਣ ਕਰਦਾ ਹੈ ਕਿ ਪੰਜਾਬ ਦੇ ਕਿਸੇ ਸ਼ਹਿਰ ਵਿੱਚ ਦੋ ਫਿਰਕੇ (ਦੋ ਵੱਖਰੇ ਧਰਮਾਂ) ਦੇ ਲੋਕ ਆਪਸ ਵਿੱਚ ਲੜ ਪਏ। ਕਾਫ਼ੀ ਨੁਕਸਾਨ ਹੋਇਆ, ਉਹਨਾਂ ਨੂੰ ਰੋਕਣ ਵਾਸਤੇ ਪੁਲਿਸ ਨੂੰ ਗੋਲੀ ਵੀ ਚਲਾਉਣੀ ਪਈ। ਉਹ ਆਪਸ ਵਿੱਚ ਕਿਉਂ ਲੜੇ, ਕੀ ਕਾਰਣ ਸੀ? ਕੋਈ ਨਹੀਂ ਸੀ ਜਾਣਦਾ ਪਰ ਅਗਲੇ ਅਖਬਾਰ ਦੀ ਮੁੱਖ ਖਬਰ ਆਈ ਕਿ ਦੇਸ਼ ਵਿੱਚ ਅਮਨ ਸ਼ਾਂਤੀ ਨੂੰ ਬਰਕਰਾਰ ਰੱਖਣ ਜਵਾਬੀ ਕਾਰਵਾਈ ਹੋਈ ਜਿਸ ਵਿੱਚ ਕੁਝ ਗੁੰਡੇ ਮਾਰੇ ਗਏ ਅਤੇ ਕੁਝ ਜਖਮੀ ਹੋ ਗਏ। ਦੂਜੇ ਫਿਰਕੇ ਦੀਆਂ ਅਖਬਾਰਾਂ ਨੇ ਮੋਟੇ ਅੱਖਰਾਂ ਵਿੱਚ ਛਾਪਿਆ "ਧਰਮ ਦੀ ਰੱਖਿਆ ਕਰਦੇ ਕੁਝ ਬਹਾਦਰ ਸ਼ਹੀਦ ਹੋ ਗਏ।" ਲੇਖਕ ਦਾ ਪੁੱਤਰ ਦੋਵੇਂ ਅਖਬਾਰ ਲਿਆ ਕੇ ਪ੍ਰਸ਼ਨ ਪੁੱਛਦਾ ਹੈ ਕਿ "ਡੈਡੀ, ਸ਼ਹੀਦ ਗੁੰਡੇ ਕਦੋਂ ਹੋ ਜਾਂਦੇ ਹਨ ਅਤੇ ਗੁੰਡੇ ਸ਼ਹੀਦ ਕਦੋਂ ਬਣ ਜਾਂਦੇ ਹਨ?" ਲੇਖਕ ਨੇ ਉੱਤਰ ਦਿੱਤਾ ਇਹ ਤਾਂ ਛੋਟੇ ਪੱਧਰ ਦੀ ਲੜਾਈ ਹੈ। ਜੜ੍ਹਾਂ ਐੱਥੋਂ ਹੀ ਬਣਦੀਆਂ ਹਨ। ਆਮ ਮਨੁੱਖ ਇਸ

ਤਰ੍ਹਾਂ ਹੀ ਮਰਦਾ ਹੈ। ਸਿਆਸਤਦਾਨ ਆਪਣੀ ਚਾਲ ਚਲਦੇ ਹਨ ਅਤੇ ਰਾਜ ਕਰਦੇ ਹਨ। ਸੰਚਾਰ ਦੇ ਸਾਧਨ ਟੀ.ਵੀ, ਅਖਬਾਰਾਂ ਸਭ ਉਹਨਾਂ ਦੀ ਹੀ ਬੋਲੀ ਬੋਲਦੇ ਹਨ। ਇਹ ਵੀ ਸੱਚ ਹੈ ਕਿ ਇਕ ਫਿਰਕੇ ਦੇ ਸ਼ਹੀਦ ਵਿਰੋਧੀ ਲਈ ਗੁੰਡੇ ਹੀ ਹੁੰਦੇ ਹਨ। ਅਸੀਂ ਅੱਜ ਵੀ ਆਪਣੇ ਸਮਾਜ ਵਿੱਚ ਧਰਮਾਂ ਦਾ ਵਿਤਕਰਾ ਵੇਖ ਸਕਦੇ ਹਾਂ। ਆਮ ਲੋਕਾਂ ਨੂੰ ਧਰਮ ਦੇ ਨਾਂ ਤੇ ਵੰਡ ਕੇ ਅਜੇਹੀਆਂ ਸਰਕਾਰਾਂ ਰਾਜ ਕਰਦੀਆਂ ਹਨ।

ਪੁੱਤਰ ਫਿਰ ਸੁਆਲ ਕਰਦਾ ਹੈ ਕਿ 'ਅਸਲੀ ਸ਼ਹੀਦ ਕੌਣ ਅਤੇ ਗੁੰਡੇ ਕੌਣ? ਉਹਨਾਂ ਬਾਰੇ ਕਿਵੇਂ ਪਤਾ ਲਗੇਗਾ। ਲੇਖਕ ਸੋਚ ਵਿਚਾਰ ਕੇ ਕਹਿੰਦਾ ਹੈ ਕਿ ਕੋਈ ਵੱਡੀ ਫੈਸਲਾਕੁਨ ਲੜਾਈ ਹੀ ਅਸਲੀ ਫੈਸਲਾ ਕਰੇਗੀ। ਪਰ ਅਜੇ ਉਸ ਲੜਾਈ ਦਾ ਸਮਾਂ ਨਹੀਂ ਆਇਆ। "ਵਕਤ ਕਦੋਂ ਆਏਗਾ?" ਮੁੰਡੇ ਦੀ ਉੱਤਰ ਨਾਲ ਸੰਤੁਸ਼ਟੀ ਨਹੀਂ ਸੀ ਹੋਈ।

ਪੁੱਤਰ ਦੇ ਪ੍ਰਸ਼ਨ ਲੇਖਕ ਨੂੰ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰ ਦਿੰਦੇ। ਉਸਦੇ ਮਨ ਵਿੱਚ ਅਨੇਕਾਂ ਵਿਚਾਰ ਉਬਾਲ ਖਾਂਦੇ। ਕਿ ਸੱਚੀ ਮਨੁੱਖਤਾ ਦਾ ਕੀ ਬਣੇਗਾ। ਅਜੇ ਕਿੰਨੀਆਂ ਹੋਰ ਲੜਾਈਆਂ ਲੜਨੀਆਂ ਹਨ। ਸੱਚਾਈ ਦੀ ਸਵੇਰ ਦਾ ਚਾਨਣ ਕਦੋਂ ਚੜ੍ਹੇਗਾ। ਸਮਾਜ ਵਿੱਚੋਂ ਲੜਾਈ-ਝਗੜੇ, ਫਿਰਕਾਪ੍ਰਸਤੀ ਭੇਦ-ਭਾਵ, ਊਚ-ਨੀਚ, ਅਮੀਰ-ਗਰੀਬ ਆਦਿ ਕਦੋਂ ਅੰਤ ਆਏਗਾ।

ਲੇਖਕ ਨੂੰ ਇਕ ਇਨਕਲਾਬੀ ਦੇ ਸ਼ਬਦ ਯਾਦ ਆਉਂਦੇ ਹਨ ਕਿ ਜਦੋਂ ਅਜ਼ਾਦੀ ਦੀ ਲੜਾਈ ਸ਼ੁਰੂ ਕੀਤੀ ਤਾਂ ਉਹਨਾਂ ਨੂੰ ਡਾਕੂ ਕਿਹਾ ਗਿਆ, ਜਦੋਂ ਉਹ ਥੋੜ੍ਹਾ ਸਫਲ ਹੋਏ ਤਾਂ ਅੱਤਵਾਦੀ ਕਹਾਏ, ਜਦੋਂ ਕਾਮਯਾਬ ਹੋਏ ਤਾਂ ਇਨਕਲਾਬੀ ਅਤੇ ਲੜਾਈ ਜਿੱਤਣ ਤੋਂ ਬਾਅਦ ਦੇਸ਼ ਭਗਤ ਅਤੇ ਉਹਨਾਂ ਦੇ ਵਿਛੜੇ ਸਾਥੀ ਸ਼ਹੀਦ। ਜਿਹਨਾਂ ਦੀ ਕਰਨੀ ਤੇ ਸਿਆਸਤਦਾਨ ਰਾਜ ਕਰਦੇ ਹਨ ਅਤੇ ਆਪਣੇ ਮਤਲਬ ਅਨੁਸਾਰ ਸਰਕਾਰ ਦੀ ਮੁਹਾਰ ਮੋੜਦੇ ਹਨ।

ਇਹ ਸਭ ਸੋਚਦਾ-ਸੋਚਦਾ ਲੇਖਕ ਕਹਿੰਦਾ ਹੈ ਅਜੇ ਅਸੀਂ ਇੱਕ ਲੰਬੀ ਲੜਾਈ ਲੜਨੀ ਹੈ, ਸਾਂਝੇ ਸ਼ਹੀਦ ਪੈਦਾ ਕਰਨ ਲਈ :--- ਸਾਂਝੇ ਸ਼ਹੀਦ। ਉਹ ਫਿਰ ਸਵਾਲ ਪੁੱਛਦਾ ਹੈ ਕੌਣ ਲੜੇਗਾ ਇਹ ਲੜਾਈ? ਕੋਈ ਵੀ ਲੜ ਸਕਦਾ ਹੈ।

Topic- 'ਸ਼ਹੀਦ' ਪਾਠ - 10 Punjabi Lit. Class-X

Assignment no- ⑦ By Ramandeep Kaur

ਤੂੰ ਵੀ, ਮੈਂ ਵੀ, ਤੇਰੇ ਬੱਚੇ, ਪੀੜ੍ਹੀਆਂ ਦੀਆਂ ਪੀੜ੍ਹੀਆਂ। ਲੇਖਕ ਦਾ ਅਜਿਹਾ ਜਵਾਬ ਸੁਣ ਕੇ ਮੁੰਡਾ ਚੁੱਪ ਹੋ ਗਿਆ। ਜਿਵੇਂ ਲੜਾਈ ਬਾਰੇ ਸੋਚ ਰਿਹਾ ਹੋਵੇ। ਕਈ ਦਿਨ ਬੀਤ ਗਏ ਉਸ ਵਿੱਚ ਕਈ ਬਦਲਾਵ ਆਏ, ਉਹ ਲੋੜ ਨਾਲੋਂ ਜ਼ਿਆਦਾ ਹੀ ਗੰਭੀਰ ਰਹਿਣ ਲਗ ਪਿਆ ਸੀ। ਉਹ ਆਪਣੇ ਆਪ ਵਿੱਚ ਹੀ ਗੁਆਚਿਆ ਰਹਿੰਦਾ। ਕੋਈ ਵੀ ਗੱਲ ਹੁੰਦੀ ਤਾਂ ਉਸਦੀ ਪੁੱਛ-ਪੜਤਾਲ ਕਰਦਾ ਕਿਉਂ, ਕਿਵੇਂ, ਕਿੱਥੇ, ਕਦੋਂ ਆਦਿ।
ਇੱਕ ਦਿਨ ਆ ਕੇ ਲੇਖਕ ਨੂੰ ਕਹਿਣ ਲੱਗਿਆ -
"ਡੈਡੀ, ਆਪਣਾ ਗੁਆਂਢੀ ਰਾਮ ਲਾਲ ਸ਼ਹੀਦ ਹੋ ਗਿਆ।"
ਲੇਖਕ ਨੇ ਕਿਹਾ ਉਹ ਸ਼ਹੀਦ ਨਹੀਂ ਹੋਇਆ, ਉਸਦੀ ਮੌਤ ਹੋ ਗਈ ਹੈ। ਪਰ ਉਹ ਨਾ ਮੰਨੇ, ਉਸਨੇ ਇੱਕੋ ਰੱਟ ਲਾਈ ਸੀ ਕਿ ਉਹ ਸ਼ਹੀਦ ਹੋ ਗਿਆ। ਆਖਿਰ ਲੇਖਕ ਨੇ ਉਸਨੂੰ ਪੁੱਛਿਆ "ਉਹ ਕਿਵੇਂ ?"
ਮੁੰਡੇ ਨੇ ਉੱਤਰ ਦਿੱਤਾ, ਕਿ ਰਾਮ ਲਾਲ ਦੀ ਪਤਨੀ ਕਹਿ ਰਹੀ ਸੀ ਸਾਰੀ ਉਮਰ ਬਿਮਾਰੀ, ਗਰੀਬੀ ਅਤੇ ਭੁੱਖ ਨਾਲ ਹੀ ਲੜਦਾ ਰਿਹਾ। ਅਤੇ ਅਖੀਰ ਮਰ ਗਿਆ। ਮੁੰਡੇ ਦੇ ਸ਼ਬਦਾਂ ਵਿੱਚ ਬੜੀ ਗੰਭੀਰਤਾ ਸੀ। ਲੇਖਕ ਦੀਆਂ ਅੱਖਾਂ ਵਿੱਚ ਬਿਜਲੀ ਵਰਗੀ ਚਮਕ ਆ ਗਈ। ਉਸਨੂੰ ਕੁਝ ਸਮੇਂ ਲਈ ਲੱਗਿਆ ਕਿ ਉਸਦੇ ਪੁੱਤਰ ਨੂੰ ਅਸੱਲ ਲੜਾਈ ਦੀ ਸਮਝ ਆ ਗਈ ਹੈ। ਉਹ ਲੜਾਈ ਜਿਹੜੀ ਸਾਡੇ ਸਾਰੇ ਸ਼ਹੀਦਾਂ ਨੇ ਅਜੇ ਲੜਨੀ ਹੈ।

<u>ਨਿਸ਼ਕਰਸ਼</u> - ਸੋ ਇਸ ਕਹਾਣੀ ਰਾਹੀਂ ਲੇਖਕ ਨੇ ਉਹਨਾਂ ਸਮਾਜਿਕ ਬੁਰਾਈਆਂ ਨੂੰ ਮੁਕਾਉਣ ਦੀ ਗਲ ਕੀਤੀ। ਅਸੀਂ ਵੀ ਇਸ ਲੜਾਈ ਦੇ ਭਾਗੀਦਾਰ ਹਾਂ ਕਿ ਸਾਰੇ ਸਮਾਜ, ਸਾਰੀ ਦੁਨੀਆਂ ਵਿੱਚੋਂ ਬਿਮਾਰੀ, ਗਰੀਬੀ ਅਤੇ ਭੁੱਖ-ਮਰੀ ਨੂੰ ਕਿਵੇਂ ਖਤਮ ਕਰਾਂਗੇ। ਆਪਸੀ ਵੈਰ ਵਿਰੋਧ ਛੱਡ ਕੇ ਹਿੰਮਤ ਕਰ ਸਕਦੇ ਹਾਂ।

<u>Homework</u> ਵਿਦਿਆਰਥੀ ਰਚਿਤ- ਕਥਾ ਸੰਵੇਦਨਾ ਅਤੇ ਸੋਚ- ਸਮਝ ਅਭਿਆਸ- ਪੁਸਤਕ ਦੇ ਪੰਨਾ- ਨੰਬਰ 63, 64 ਦੇ ਪ੍ਰਸ਼ਨ 4 ਦੇ ਭਾਗ- (i) (ii) (iii) (iv) ਕਿਤਾਬ ਤੇ ਹੀ ਹਲ ਕਰਨੇ ਹਨ।